# ਪੰਜਾਬ ਸਕੂਲ ਸਿੱਖਿਆ ਬੋਰਡ

ਵਿੱਦਿਆ ਭਵਨ, ਫੇਜ਼-8, ਅਜੀਤਗੜ੍ਹ (ਐਸ. ਏ . ਐਸ ਨਗਰ)

<u>ਸਾਰੇ ਸਬੰਧਤਾਂ ਲਈ</u>

ਰੋਜ਼ਾਨਾ ਅਜੀਤ ਮਿਤੀ 27 ਜੂਨ, 2012, ਪੰਜਾਬੀ ਜਾਗਰਣ ਮਿਤੀ 27 ਜੂਨ, 2012, ਨਵਾਂ ਜ਼ਮਾਨਾ ਮਿਤੀ 27 ਜੂਨ, 2012 ਤੇ ਦੇਸ਼ ਸੇਵਕ ਮਿਤੀ 28 ਜੂਨ, 2012 ਦੇ ਅੰਕਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰੈਸ ਨੋਟ ਵਿੱਚ ਗਲਤੀਆਂ ਦੀ ਕਥਿਤ ਭਰਮਾਰ ਕਾਰਨ ਹੋਣ ਵਾਲੇ ਪੰਜਾਬੀ ਭਾਸ਼ਾ ਦੇ ਕਥਿਤ ਘਾਣ ਬਾਰੇ ਛਪੀਆਂ ਖਬਰਾਂ ਬਾਰੇ ਤੱਥ ਇਹ ਹੈ ਕਿ ਬੋਰਡ ਵੱਲੋਂ ਭੇਜੇ ਗਏ ਪ੍ਰੈਸ ਨੋਟ ਦੀਆਂ ਗਲਤੀਆਂ ਦਾ ਤਕਨੀਕੀ ਕਾਰਨ ਫੌਂਟ ਤਬਦੀਲੀ ਰਿਹਾ ਹੈ ।

ਕੰਪਿਊਟਰ ਦਾ ਜ਼ਰਾ ਕੁ ਇਲਮ ਰੱਖਣ ਵਾਲਾ ਹਰ ਵਿਅਕਤੀ ਸਹਿਜੇ ਹੀ ਜਾਣ ਸਕਦਾ ਹੈ ਕਿ ਜਿਸ ਫੌਂਟ ਵਿੱਚ .ਖਬਰ, ਪੱਤਰਕਾਰਾਂ ਕੁਲਵੀਰ ਸਿੰਘ ਸ਼ੇਰਗਿਲ, ਹਰਦੀਪ ਕੌਰ ਵਿਰਕ , ਬਲਜਿੰਦਰ ਢਿਲੋਂ ਦੇ ਹਰਬੰਸ ਬਾਗੜੀ ਨੂੰ ਭੇਜੀ ਗਈ, ਬਹੁਤੀਆਂ ਗਲਤੀਆਂ ਉਨ੍ਹਾਂ ਦੇ ਕੰਪਿਊਟਰ ਉਤੇ ਫੌਂਟ ਤਬਦੀਲੀ(conversion) ਵੇਲੇ ਉਸ ਰੂਪ ਵਿਚ ਸਾਹਮਣੇ ਆਈਆਂ ਜਿਸ ਦੀਆਂ ਤਸਵੀਰਾਂ ਅਖਬਾਰਾਂ ਵਿੱਚ ਛਾਪੀਆਂ ਗਈਆਂ । ਹੋਰ ਅਖਬਾਰਾਂ ਦੇ ਪੱਤਰਕਾਰਾਂ ਨੂੰ ਤਕਨੀਕੀ ਇਲਮ ਹੋਣ ਕਾਰਨ ਉਨ੍ਹਾਂ ਨੇ ਇਸ ਮਾਮਲੇ ਵਿਚ ਖਬਰ ਲਾਉਣ ਤੋਂ ਗੁਰੇਜ਼ ਕੀਤਾ। ਉਕਤ ਪੱਤਰਕਾਰਾਂ ਨੇ ਆਪਣੇ ਨਿਜੀ ਹਿਤਾਂ ਲਈ ਨਾ ਸਿਰਫ ਪੰਜਾਬ ਦੀ ਸਿਰਮੌਰ ਸਕੂਲ ਸਿੱਖਿਆ ਸੰਸਥਾ ਨੂੰ ਨਜਾਇਜ਼ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਸਗੋਂ ਆਪਣੀਆਂ ਅਖਬਾਰਾਂ ਵਿੱਚ ਆਪਣੇ ਰੁਤਬਿਆਂ ਨਾਲ ਘੋਰ ਦਰੇਗ ਕਰਦਿਆਂ ਅਖਬਾਰਾਂ ਦੀ ਦੁਰਵਰਤੋਂ ਵੀ ਕੀਤੀ ।

ਸਭ ਤੋਂ ਵੱਡੀ ਹੈਰਾਨੀ ਇਸ ਗੱਲ ਦੀ ਹੈ ਕਿ ਸਬੰਧਤ ਅਖਬਾਰਾਂ ਤੇ ਸੰਪਾਦਕੀ ਡੈਸਕਾਂ ਨੇ ਵੀ ਇਸ ਖਬਰ ਸਬੰਧੀ ਤੱਕਨੀਕੀ ਪੱਖ ਜਾਨਣ ਦੀ ਕੋਈ ਜ਼ਹਿਮਤ ਨਹੀਂ ਉਠਾਈ ਤੇ ਬਿਨਾਂ ਕਿਸੇ ਪ੍ਰਤੀਕਰਮ ਤੇ ਸੂਝ ਤੋਂ .ਖਬਰ ਇਵੇਂ ਹੀ ਛਾਪ ਦਿੱਤੀ । ਪੰਜਾਬੀ ਭਾਸ਼ਾ ਨਾਲ ਕੋਝਾ ਮਜ਼ਾਕ ਕਰਨ ਵਿੱਚ ਨਾ ਸਿਰਫ ਉਕਤ ਪੱਤਰਕਾਰ ਸਗੋਂ ਉਕਤ ਅਖਬਾਰਾਂ ਵੀ ਭਾਗੀ ਬਣੀਆਂ । ਇਨ੍ਹਾਂ ਅਖਬਾਰਾਂ ਦੇ ਸੰਪਾਦਕਾਂ ਨੂੰ ਬੇਨਤੀ ਹੈ ਕਿ ਅੱਧਪੜ੍ਹੇ ਪੱਤਕਾਰਾਂ ਦੀ ਅਜਿਹੀ ਫੌਜ ਨੂੰ ਨੱਥ ਪਾਈ ਜਾਵੇ ਅਤੇ ਇਸ ਖਬਬ ਸਬੰਧੀ ਸਹੀ ਤੱਥ ਆਪੋ-ਆਪਣੀਆਂ ਅਖਬਾਰਾਂ ਵਿੱਚ ਜ਼ਰੂਰ ਛਾਪੇ ਜਾਣ ।

ਲੋਕ ਸੰਪਰਕ ਸ਼ਾਖਾ